ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030312
Available online at: www.armaan.org.in
DOI: https://doi.org/10.64119/armaan.vol.3.issue3.12

# ਪੰਜਾਬੀ ਬਿਰਤਾਂਤ ਵਿਚ ਦਿਵਿਆਂਗ ਪਾਤਰਾਂ ਦਾ ਸਮਾਜਿਕ ਦ੍ਰਿਸ਼ਟੀਕੋਣ

# PUNJABI BIRTANT VICH DIVIAANG PATRAAN DA SAMAJIK DRISHTIKAUN

**ਅਰੁਣ** (Arun)

**ਖੋਜਾਰਥੀ** (Research Scholar)

**ਪੰਜਾਬੀ ਵਿਭਾਗ, ਯੂਨੀਵਰਸਿਟੀ ਆਫ਼ ਦਿੱਲੀ, ਦਿੱਲੀ**

**Email ID:** arunsharmapun@gmail.com **ਮੋਬਾਈਲ:** +91- 99141-01735

**ਸਾਰ (Abstract)**

*ਭਾਰਤ ਵਿਚ ਬਿਰਤਾਂਤ ਸਾਹਿਤ ਦੀ ਬਹੁਤ ਹੀ ਵਿਸ਼ਾਲ ਪਰੰਪਰਾ ਰਹੀ ਹੈ। ਜਿੱਥੇ ਚਾਰ ਵੇਦ, ਰਿਗਵੇਦ ,ਸਾਮਵੇਦ,ਯਜੁਰਵੇਦ ਅਤੇ ਅਥਰਵਵੇਦ, ਪੁਰਾਣ,ਉਪਨਿਸ਼ਦ ਅਤੇ ਅਨੇਕਾਂ ਗ੍ਰੰਥ ਮਿਲਦੇ ਹਨ। ਇਹਨਾਂ ਗ੍ਰੰਥਾਂ ਵਿਚ ਸਾਨੂੰ ਦਿਵਿਆਂਗ ਪਾਤਰਾਂ ਨਾਲ ਸੰਬੰਧਿਤ ਕਈ ਕਥਾਵਾਂ, ਬਿਰਤਾਂਤ ਪ੍ਰਾਪਤ ਹੁੰਦੇ ਹਨ, ਜੋ ਭਾਰਤ ਦੇ ਸੱਭਿਆਚਾਰ ਦੀ ਚੇਤਨਾ ਦਾ ਹਿੱਸਾ ਬਣੇ ਹੋਏ ਹਨ। ਦਿਵਿਆਂਗ ਪਾਤਰਾਂ ਨੂੰ ਜਿਆਦਾਤਰ ਸਾਹਿਤ ਵਿਚ ਖਲਨਾਇਕ ਵਜੋਂ ਪੇਸ਼ ਕਰਨ ਦੀ ਪ੍ਰਥਾ ਰਹੀ ਹੈ। ਦਿਵਿਆਂਗ ਵਿਅਕਤੀਆਂ ਲਈ ਸੰਬੋਧਨ ਕੀਤੇ ਜਾਣ ਵਾਲੇ ਸ਼ਬਦ ਜਿਵੇਂ- ਵਿਕਲਾਂਗ, ਅੰਪਗ, ਅੰਗਰੇਜ਼ੀ ਵਿਚ ਵਰਤੇ ਜਾਣ ਵਾਲੇ ਸ਼ਬਦ "Handicap" ਸਮਾਜ ਦੀ ਮਾਨਸਿਕਤਾ ਉੱਪਰ ਸਵਾਲ ਖੜਾ ਕਰਦਾ ਹੈ। ਦਿਵਿਆਂਗ ਹੋਣ ਦੇ ਕਾਰਣ ਸਮਝਣ ਦਾ ਯਤਨ ਕਰਾਂਗੇ। ਕਿੰਨ੍ਹੇ ਪ੍ਰਕਾਰ ਦੇ ਦਿਵਿਆਂਗ ਹੁੰਦੇ ਹਨ। ਪੰਜਾਬੀ ਕਹਾਣੀ ਵਿਚ ਦਿਵਿਆਂਗ ਵਿਅਕਤੀਆਂ ਨੂੰ ਕੀ ਸਥਾਨ ਦਿੱਤਾ ਗਿਆ ਹੈ। ਜਿਸ ਨਾਲ ਸਮਾਜ ਦਾ ਦਿਵਿਆਂਗ ਵਿਅਕਤੀਆਂ ਦੀਆਂ ਰੋਜ਼ਾਨਾ ਜੀਵਨ ਵਿਚ ਆਉਣ ਵਾਲੀਆਂ ਸਮੱਸਿਆਵਾਂ ਦਾ ਅਧਿਐਨ ਕੀਤਾ ਗਿਆ ਹੈ। ਪੰਜਾਬੀ ਸਾਹਿਤ ਦੇ ਸੁਚੇਤ ਕਹਾਣੀਕਾਰ ਜਿੰਨ੍ਹਾਂ ਨੇ ਦਿਵਿਆਂਗ ਪਾਤਰਾਂ ਬਾਰੇ ਕਹਾਣੀਆਂ ਲਿਖੀਆਂ ਹਨ। ਅਸੀਂ ਉਹਨਾਂ ਚੋਣਵੇਂ ਕਹਾਣੀਕਾਰ ਬਾਰੇ ਅਧਿਐਨ ਕਰਾਂਗੇ, ਜਿਨ੍ਹਾਂ ਦੀਆਂ ਲਿਖਤਾਂ ਵਿਚ ਦਿਵਿਆਂਗ ਪਾਤਰਾਂ ਦੀਆਂ ਸਮਸਿਆਵਾਂ ਨੂੰ ਉਭਾਰਿਆ ਗਿਆ ਹੈ। ਪੁਰਾਣੇ ਕਰਮ ਸਿਧਾਂਤ ਦੇ ਨਾਲ ਆਧੁਨਿਕ ਸਮਾਜਿਕ ਮਾਡਲ ਅਤੇ ਮੈਡੀਕਲ ਮਾਡਲ ਨੂੰ ਦਿਵਿਆਂਗ ਅਧਿਐਨ ਰਾਹੀਂ ਸਮਝਣ ਦਾ ਯਤਨ ਕਰਾਂਗੇ। ਇਹ ਇੱਕ ਅੰਤਰ ਸੰਬਧਿਤ ਵਿਸ਼ਾ ਹੈ, ਜੋ ਸਮਾਜ ਦੇ ਹਰ ਵਰਗ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ- ਜਿਵੇਂ ਅਮੀਰ- ਗਰੀਬ, ਦਲਿਤ, ਨਾਰੀ, ਟ੍ਰਾਂਸ, ਕੋਈ ਵੀ ਦਿਵਿਆਂਗ ਹੋ ਸਕਦਾ ਹੈ। ਉਹਨਾਂ ਰੂੜੀਵਾਦੀ ਪ੍ਰਚਲਿਤ ਧਾਰਨਾਵਾਂ ਨੂੰ ਖ਼ਤਮ ਕਰਨਾ ਹੀ ਚੇਤਨਾ ਦਾ ਵਿਕਾਸ ਕਿਹਾ ਜਾਂਦਾ ਹੈ। ਦਿਵਿਆਂਗ ਵਿਅਕਤੀਆਂ ਨੂੰ ਤਰਸ ਜਾਂ ਦਇਆਂ ਭਾਵ ਵਿਚ ਨਿਮਾਣੇ, ਵਿਚਾਰੇ ਸਮਝਣ ਦੀ ਬਜਾਏ ਅਜਿਹਾ ਢਾਂਚਾ ਸਥਾਪਿਤ ਕਰਨਾ ਚਾਹੀਦਾ ਹੈ ਜਿਸ ਨਾਲ ਉਹ ਆਪ ਚੱਲਣ-ਫਿਰਨ, ਕੰਮ ਕਰਨ ਦੇ ਸਮਰੱਥ ਹੋ ਸੱਕਣ।*

***ਕੀਵਰਡ (Keyword): ਦਿਵਿਆਂਗ, ਏਬਲੀਜ਼ਮ, ਸਮਾਜਿਕ ਢਾਂਚਾ, ਕਰਮ ਸਿਧਾਂਤ, ਸਮਾਜਿਕ ਮਾਡਲ, ਮੈਡੀਕਲ ਮਾਡਲ।***

ਪੰਜਾਬੀ ਕਹਾਣੀ ਸਾਹਿਤ ਵਿਚ ਦਿਵਿਆਂਗ ਪਾਤਰਾਂ ਦੀ ਪੇਸ਼ਕਾਰੀ ਸਿਰਫ਼ ਸਾਹਿਤ ਦੇ ਮਨੋਰੰਜਨ ਤੱਕ ਹੀ ਸੀਮਤ ਨਹੀਂ ਹੈ, ਸਗੋਂ ਸਮਾਜ ਦੇ ਮਨੋਵਿਗਿਆਨ ਵਿਚ ਪਈ ਰੂੜੀਵਾਦੀ ਸੋਚ ਦੇ ਪ੍ਰਭਾਵ ਨੂੰ ਵੀ ਪ੍ਰਗਟਾਉਂਦੀ ਹੈ। ਦਿਵਿਆਂਗਤਾ ਦਾ ਇਤਿਹਾਸ ਵੀ ਮਨੁੱਖ ਜਿੰਨ੍ਹਾਂ ਹੀ ਪੁਰਾਣਾ ਹੈ। ਪੰਜਾਬੀ ਕਹਾਣੀ ਦਾ ਜਨਮ ਭਾਵੇਂ ਆਧੁਨਿਕ ਸਮੇਂ ਤੋਂ ਮੰਨਿਆ ਜਾਂਦਾ ਹੈ, ਪਰ ਕਹਾਣੀ ਦਾ ਜਨਮ ਵੀ ਮਨੁੱਖ ਦੇ ਨਾਲ ਹੀ ਹੋਇਆ, ਜਦੋਂ ਉਹ ਆਪਸ ਵਿਚ ਇਸ਼ਾਰਿਆਂ ਜਾਂ ਚਿਨਹਾਂ ਰਾਹੀਂ ਆਪਣੇ ਭਾਵ ਪ੍ਰਗਟ ਕਰਦਾ ਸੀ। ਕਹਾਣੀ ਦੇ ਵਿਚ ਦਿਵਿਆਂਗ ਪਾਤਰਾਂ ਦੇ ਖਲਨਾਇਕ ਹੋਣ ਦੀ ਰੂੜੀ ਰਹੀ ਹੈ। ਨਵ-ਚੇਤਨਾ ਕਾਰਨ ਵਿਸ਼ਿਆਂ ਦੀ ਗੰਭੀਰਤਾ ਨੂੰ ਸਮਝਣ ਲਈ ਨਵੇ ਸਿਧਾਂਤਾ ਰਾਹੀ ਸਾਹਿਤ ਦਾ ਅਧਿਐਨ ਕੀਤਾ ਗਿਆ ਹੈ। ਪੰਜਾਬੀ ਕਹਾਣੀ ਵਿਚ ਵੀ ਲੇਖਕ ਦਿਵਿਆਂਗ ਪਾਤਰਾਂ ਪ੍ਰਤੀ ਚੇਤਨ ਸਨ। ਇਹ ਆਧੁਨਿਕ ਪੰਜਾਬੀ ਦੇ ਕਹਾਣੀਕਾਰਾਂ ਦੀਆਂ ਕੁਝ ਕਹਾਣੀਆਂ ਦੇ ਹਵਾਲੇ ਤੋਂ ਸਮਝਣ ਦਾ ਯਤਨ ਕਰਾਂਗੇ। ਸਭ ਤੋਂ ਪਹਿਲਾਂ ਦਿਵਿਆਂਗ ਵਿਅਕਤੀਆਂ ਲਈ ਵਰਤੀ ਜਾਣ ਵਾਲੀ ਸ਼ਬਦਾਵਲੀ ਦੇ ਇਤਿਹਾਸਕ ਵਿਕਾਸ ਅਤੇ ਸਮਾਜਿਕ ਪ੍ਰਭਾਵ ਨੂੰ ਸਮਝਦੇ ਹਾਂ। ਪੱਛਮੀ ਸੰਦਰਭ ਵਿਚ ਵਰਤੇ ਜਾਣ ਵਾਲੇ ਸ਼ਬਦ "Handicap" ਦਾ ਮੂਲ ਅਰਥ "Cap in hand" ਜਿਸ ਦਾ ਭਾਵ ਭੀਖ ਮੰਗਣ ਵਾਲਾ, ਇਸੇ ਤਰ੍ਹਾਂ "Disability" ਇਹ ਲਾਤੀਨੀ ਮੂਲ ਭਾਸ਼ਾ ਦਾ ਸ਼ਬਦ ਹੈ, ਜਿਸ ਤੋਂ ਭਾਵ ਸਮਰੱਥਾ ਦੀ ਕਮੀ ਜਾਂ ਇਹ ਕਿਹਾ ਜਾ ਸਕਦਾ ਹੈ, ਕੁਝ ਕਰਨ ਤੋਂ ਅਸਮਰੱਥ। ਭਾਰਤੀ ਸੰਦਰਭ ਵਿਚ

©ਅਰਮਾਨ (ARMAAN) Received: 10 August 2025 Accepted: 28 August 2025 Published: 05 September 2025

ਸ਼ਬਦਾਂ ਦੀ ਵਰਤੋਂ ਜਿਵੇਂ- ਵਿਕਲਾਂਗ ਇਹ ਸ਼ਬਦ ਸੰਸਕ੍ਰਿਤ ਭਾਸ਼ਾ ਵਿੱਚੋਂ ਲਿਆ ਗਿਆ ਹੈ, ਇਸ ਤੋਂ ਭਾਵ ਸਰੀਰ ਵਿਚ ਕਿਸੇ ਤਰ੍ਹਾਂ ਦਾ ਵਿਕਾਰ ਹੋਣਾ। ਦਿਵਿਆਂਗ ਲਈ ਵਰਤੇ ਜਾਣ ਵਾਲੇ ਹੋਰ ਸ਼ਬਦ ਜਿਵੇਂ ਅਪੰਗ,ਅਪਾਹਜ, ਪਿੰਗਲਾ ਆਦਿ ਵਰਗੇ ਨਕਾਰਾਤਮਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ।

27 ਦਸੰਬਰ 2015 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ "ਮਨ ਕੀ ਬਾਤ" ਪ੍ਰੋਗਰਮ ਵਿਚ ਉਪਚਾਰਿਕ ਰੂਪ ਵਿਚ ਵਿਕਲਾਂਗ ਸ਼ਬਦ ਦੀ ਥਾਂ ਦਿਵਿਆਂਗ ਸ਼ਬਦ ਵਰਤਣ ਦੀ ਘੋਸ਼ਣਾ ਕੀਤੀ। ਦਿਵਿਆਂਗ ਸ਼ਬਦ ਦਿਵਯ+ਅੰਗ ਤੋਂ ਮਿਲ ਕੇ ਬਣਿਆ ਹੈ ਜਿਸ ਦਾ ਭਾਵ ਹੈ "ਜਿਸ ਦਾ ਅੰਗ ਵਿਸ਼ੇਸ਼ ਜਾਂ ਦਿਵਯਤਾ ਨਾਲ ਭਰਪੂਰ ਹੋਵੇ।" ਇਸ ਸ਼ਬਦ ਪ੍ਰਤੀ ਵੱਖ-ਵੱਖ ਮੱਤ ਹਨ। ਇਹਨਾਂ ਸ਼ਬਦਾਂ ਦੇ ਉਚਾਰਣ ਕਾਰਨ ਸਮਾਜ ਮਨੋਵਿਗਿਆਨ ਦਾ ਬਹੁਤ ਪ੍ਰਭਾਵ ਹੁੰਦਾ ਹੈ, ਮਨੁੱਖ ਸਮਾਜ ਵਿਚ ਰਹਿੰਦਿਆਂ ਅਨੇਕਾਂ ਅਜਿਹੇ ਸ਼ਬਦ ਉਚਾਰ ਜਾਂਦਾ ਹੈ, ਜਿੰਨ੍ਹਾਂ ਦੇ ਅਰਥਾਂ ਤੋਂ ਉਹ ਜਾਣੂ ਵੀ ਨਹੀਂ ਹੁੰਦਾ। ਭਾਸ਼ਾ ਵਿਗਿਆਨੀ ਸੋਸਿਊਰ ਭਾਸ਼ਾ ਦੇ ਸੰਦਰਭ ਵਿਚ ਚਿਹਨਾਂ ਉੱਪਰ ਜ਼ੋਰ ਦਿੰਦਾ ਹੈ ਜੋ ਉਸੇ ਸਮਾਜ ਵਿਚ ਪਏ ਹੁੰਦੇ ਹਨ। ਕਿਸੇ ਵੇਲੇ ਉਹਨਾਂ ਸ਼ਬਦਾਂ ਦੇ ਭਾਵ ਨੂੰ ਸਮਝੇ ਬਿੰਨ੍ਹਾਂ ਸ਼ਬਦ ਉਚਾਰਣ ਦੀ ਇੱਕ ਰੂੜੀ ਚਲਦੀ ਰਹਿੰਦੀ ਹੈ। ਉਦਾਹਰਣ ਦੇ ਤੌਰ 'ਤੇ- ਜਦੋਂ ਸ਼ਬਦ "Disabled Person" ਉਚਾਰਦੇ ਹਾਂ ਤਾਂ ਦਿਵਿਆਂਗਤਾ ਦਾ ਬਿੰਬ ਪਹਿਲਾਂ ਅਤੇ ਵਿਅਕਤੀ ਦਾ ਬਿੰਬ ਬਾਅਦ ਵਿਚ ਬਣਦਾ ਹੈ ਪਰ ਜਦੋ "Person with Disability" ਉਚਾਰਦੇ ਹਾਂ ਤਾਂ ਉੱਥੇ ਵਿਅਕਤੀ ਦਾ ਬਿੰਬ ਪਹਿਲਾਂ ਬਣਦਾ ਹੈ ਅਤੇ ਦਿਵਿਆਂਗਤਾ ਦਾ ਬਿੰਬ ਬਾਅਦ ਵਿਚ ਬਣਦਾ ਹੈ। ਇਸੇ ਤਰ੍ਹਾਂ ਸ਼ਬਦ ਦੀ ਚੋਣ ਹੀ ਵਿਅਕਤੀ ਦੀ ਪਛਾਣ ਨੂੰ ਪ੍ਰਭਾਵਿਤ ਕਰਦੀ ਹੈ। ਹੁਣ ਤੱਕ ਜੇਕਰ ਸਕਾਰਾਤਮਕ ਸ਼ਬਦਾਵਲੀ ਦੀ ਗੱਲ ਕੀਤੀ ਜਾਵੇ ਤਾਂ Differently Abled/Physically Challenged ਸ਼ਬਦ ਵਿਅਕਤੀ ਨੂੰ ਇੱਕ ਵੱਖਰੇ ਤਰ੍ਹਾਂ ਦੀ ਸਮਰੱਥਾ ਨਾਲ ਜੋੜਦਾ ਹੈ। 2016 ਤੋਂ ਬਾਅਦ ਸਰਕਾਰੀ ਨੀਤੀਆਂ, ਯੋਜਨਾਵਾਂ, ਦਸਤਾਵੇਜ਼ਾਂ, ਬੋਰਡ ਅਤੇ ਪ੍ਰਮਾਣ-ਪੱਤਰ ਵਿਚ ਦਿਵਿਆਂਗ ਸ਼ਬਦ ਵਰਤਿਆ ਜਾਣ ਲਗਾ। ਸਰਕਾਰੀ ਸੰਸਥਾ (Department of Empowerment of Persons with Disabilities) ਦਾ ਨਾਮ "ਦਿਵਿਆਂਗਜਨ ਸ਼ਸ਼ਕਤੀਕਰਣ ਵਿਭਾਗ" ਰੱਖ ਦਿੱਤਾ ਗਿਆ। ਵਿਸ਼ਵ-ਭਰ ਵਿਚ ਇੱਕ ਅਰਬ ਤੋਂ ਵੱਧ ਲੋਕ ਦਿਵਿਆਂਗ ਹਨ। ਇਹ ਇੱਕ ਅੰਤਰ ਸੰਬਧਿਤ ਵਿਸ਼ਾ ਹੈ, ਜੋ ਸਮਾਜ ਦੇ ਹਰ ਵਰਗ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ- ਜਿਵੇਂ ਅਮੀਰ- ਗਰੀਬ, ਦਲਿਤ, ਨਾਰੀ, ਟ੍ਰਾਂਸ, ਨਸਲ, ਕੋਈ ਵੀ ਦਿਵਿਆਂਗ ਹੋ ਸਕਦਾ ਹੈ।

ਭਾਰਤ ਵਿਚ ਬਿਰਤਾਂਤ ਸਾਹਿਤ ਦੀ ਬਹੁਤ ਹੀ ਵਿਸ਼ਾਲ ਪੰਰਪਰਾ ਰਹੀ ਹੈ। ਜਿੱਥੇ ਚਾਰ ਵੇਦ, ਰਿਗਵੇਦ ,ਸਾਮਵੇਦ,ਯਜੁਰਵੇਦ ਅਤੇ ਅਥਰਵਵੇਦ, ਪੁਰਾਣ,ਉਪਨਿਸ਼ਦ ਅਤੇ ਅਨੇਕਾਂ ਗ੍ਰੰਥ ਮਿਲਦੇ ਹਨ। ਇਹਨਾਂ ਗ੍ਰੰਥਾਂ ਵਿਚ ਦਿਵਿਆਂਗ ਪਾਤਰਾਂ ਨਾਲ ਸੰਬੰਧਿਤ ਕਈ ਕਥਾਵਾਂ, ਬਿਰਤਾਂਤ ਸਾਨੂੰ ਪ੍ਰਾਪਤ ਹੁੰਦੇ ਹਨ, ਜੋ ਭਾਰਤ ਦੇ ਸੱਭਿਆਚਾਰ ਦੀ ਚੇਤਨਾ ਦਾ ਹਿੱਸਾ ਬਣੇ ਹੋਏ ਹਨ। ਭਾਰਤੀ ਬਿਰਤਾਂਤ ਵਿਚ ਅਨੇਕਾਂ ਦਿਵਿਆਂਗ ਪਾਤਰਾਂ ਦੀਆਂ ਕਥਾਵਾਂ ਮਿਲਦੀਆਂ ਹਨ। ਜਿਵੇਂ ਰਮਾਇਣ ਵਿਚ ਮੰਥਰਾ, ਮਹਾਂਭਾਰਤ ਵਿਚ ਧ੍ਰਿਤਰਾਸ਼ਟ੍ਰ, ਅਸ਼ਟਾਵਕਰ, ਕੰਸ ਦੀ ਦਾਸੀ ਕੁਬਜਾ, ਸ਼ਕੁਨੀ ਆਦਿ। ਭਾਰਤੀ ਬਿਰਤਾਂਤ ਵਿਚ ਕਰਮ ਦੇ ਸਿਧਾਂਤ ਨੂੰ ਬਹੁਤ ਮੱਹਤਤਾ ਦਿੱਤੀ ਗਈ ਹੈ। ਉਹ ਕਿਸੇ ਨਾ ਕਿਸੇ ਕਰਮ ਜਾਂ ਸਰਾਪ, ਦੇ ਪ੍ਰਭਾਵ ਕਾਰਨ ਹੀ ਦਿਵਿਆਂਗਤਾ ਭੋਗਦੇ ਹਨ। ਇੱਕ ਕਥਾ ਅਨੁਸਾਰ ਧ੍ਰਿਤਰਾਸ਼ਟਰ ਨੇ ਇੱਕ ਹੰਸ ਦੀਆਂ ਅੱਖਾ ਭੰਨ ਦਿੱਤੀਆਂ ਸਨ। ਉਸ ਦੇ ਬੱਚਿਆਂ ਨੂੰ ਮਰਵਾ ਦਿੱਤਾ, ਜਿਸ ਕਾਰਨ ਹੰਸ ਨੇ ਮਰਦੇ ਹੋਏ ਇੱਕ ਸਰਾਪ ਦਿੱਤਾ ਕਿ ਜਿਸ ਤਰ੍ਹਾਂ ਤੂੰ ਮੇਰੀਆਂ ਅੱਖਾ ਦੀ ਰੋਸ਼ਨੀ ਗੁਆਈ ਅਤੇ ਮੇਰੇ ਬੱਚਿਆ ਨੂੰ ਮਰਵਾਇਆ ਤੇਰੇ ਨਾਲ ਵੀ ਅਗਲੇ ਜਨਮ ਵਿੱਚ ਇਸੇ ਤਰ੍ਹਾਂ ਹੀ ਹੋਵੇਗਾ। ਅਸ਼ਟਾਵਕਰ ਗਰਭ ਵਿਚ ਹੀ ਪਿਤਾ ਦੀਆਂ ਗਲਤੀਆਂ ਕੱਢਣ ਕਾਰਨ ਉਸ ਦਾ ਪਿਤਾ ਕ੍ਰੋਧ ਵਿਚ ਸਰਾਪ ਦੇ ਦਿੰਦਾ ਹੈ, ਜਦੋਂ ਗਰਭ ਵਿਚੋਂ ਬੱਚਾ ਪੈਦਾ ਹੋਇਆ ਤਾਂ ਉਹ ਸਰੀਰ ਦੇ ਅੱਠ ਅੰਗਾਂ ਤੋਂ ਟੇਢਾ(ਵਕਰ ਪਏ ਹੋਏ ਸਨ) ਸੀ। ਮੰਥਰਾ ਆਪਣੇ ਅਗਲੇ ਜੀਵਨ ਵਿਚ ਕੁਬਜਾ ਬਣਦੀ ਹੈ। ਕ੍ਰਿਸ਼ਨ ਕੁਬਜਾ ਦੀ ਸੇਵਾ ਅਤੇ ਭਗਤੀ ਤੋਂ ਪ੍ਰਭਾਵਿਤ ਹੋ ਕੇ ਉਸ ਦੀ ਦਿਵਿਆਂਗਤਾ ਨੂੰ ਦੂਰ ਕਰ ਦਿੰਦੇ ਹਨ ਤੇ ਉਹ ਠੀਕ ਹੋ ਜਾਂਦੀ ਹੈ। ਭਾਰਤੀ ਪੰਰਪਰਾ ਕਥਾਵਾਂ ਦਾ ਸਾਰ ਹੀ ਇਹੋ ਹੈ "ਚੰਗਾ ਕਰੋ ਚੰਗਾ ਹੋਏਗਾ ਮਾੜਾ ਕਰੋ ਮਾੜਾ ਹੋਏਗਾ"।

ਸਾਹਿਤ ਦੀ ਕਿਸੇ ਵੀ ਵਿਧਾ ਵਿਚ ਸਮਾਜ ਦੇ ਚਿੱਤਰ ਨੂੰ ਪੇਸ਼ ਕਰਨਾ ਲੇਖਕ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਉਹ ਸਮਾਜ ਵਿਚ ਰਹਿਣ ਵਾਲੇ ਹਰ ਵਰਗ ਪ੍ਰਤੀ ਸੰਵੇਦਨਸ਼ੀਲ ਹੁੰਦਾ ਹੈ। ਕਿਸੇ ਵੇਲੇ ਸਾਹਿਤਕਾਰ ਪ੍ਰਵਿਤੀਆਂ ਦੇ ਅੰਤਰਗਤ ਰਹਿ ਕੇ ਲਿਖਦੇ ਹਨ। ਕਈ ਵਾਰ ਉਹ ਪ੍ਰਵਿਤੀਆਂ ਤੋਂ ਪਾਰ ਜਾ ਕੇ ਉਹਨਾਂ ਵਿਸ਼ਿਆਂ ਬਾਰੇ ਗੱਲ ਕਰਦੇ ਹਨ, ਜਿੰਨ੍ਹਾਂ ਨੂੰ ਸਮਾਜ ਵਿਚ ਵਿਸ਼ੇਸ਼ ਸਥਾਨ ਨਹੀਂ ਮਿਲਿਆ। ਕਈ ਕਥਾਵਾਂ ਜਾਂ ਕਹਾਣੀਆਂ ਵਿਚ ਦਿਵਿਆਂਗ ਪਾਤਰਾਂ ਨੂੰ ਖਲਨਾਇਕ ਵਜੋਂ ਪੇਸ਼ ਕਰਨ ਦੀ ਪ੍ਰਥਾ ਰਹੀ ਹੈ। ਉਹਨਾਂ ਰੂੜੀਵਾਦੀ ਪ੍ਰਚਲਿਤ ਧਾਰਨਾਵਾਂ ਨੂੰ ਖ਼ਤਮ ਕਰਨਾ ਹੀ ਚੇਤਨਾ ਦਾ ਵਿਕਾਸ ਕਿਹਾ ਜਾਂਦਾ ਹੈ। ਪੰਜਾਬੀ ਵਿਚ ਉਹ ਲੇਖਕ ਜਿੰਨਾਂ ਨੇ ਦਿਵਿਆਂਗ ਪਾਤਰਾਂ ਰਾਹੀਂ ਸਮਾਜ ਦੀਆਂ ਸਮਸਿਆਵਾਂ ਨੂੰ ਉਭਾਰਿਆ ਹੈ।

ਨਾਨਕ ਸਿੰਘ **ਦੀ ਕਹਾਣੀ "ਹਨੇਰਾ ਚੰਨ"**- ਚੰਦਰ ਭਾਨ ਨਾਮ ਦਾ ਇੱਕ ਪਾਤਰ ਹੈ । ਜੋ ਅੱਖਾਂ ਤੋਂ ਜੋਤਹੀਣ ਹੁੰਦਾ ਹੈ। ਸਮਾਜ ਵਿਚ ਨਾਮ ਨੂੰ ਵਿਗਾੜ ਕੇ ਉਚਾਰਨਾ ਬਹੁਤ ਹੀ ਸੁਭਾਵਕ ਹੈ। ਗਲ਼ੀ ਵਿਚ ਬਾਕੀ ਬੱਚਿਆਂ ਵੱਲੋਂ ਚੰਦਰਭਾਨ ਨੂੰ ਚੰਦਰਾ ਕਹਿਣਾ ਆਮ ਸੀ। ਇਸੇ ਤਰ੍ਹਾਂ ਗੁਰਚਰਨ ਸਿੰਘ ਦੀ ਕਹਾਣੀ **"ਡੁੱਡਾ"** ਵਿਚ ਪਾਤਰ ਦਾ ਨਾਮ ਸਰਨਦਾਸ ਹੈ। ਜਿਸ ਦੀ ਇੱਕ ਲੱਤ ਕੰਮ ਨਹੀਂ ਕਰਦੀ, ਉਸ ਨੂੰ ਡੁੱਡਾ ਕਿਹਾ ਗਿਆ। ਗੁਰਦਿਆਲ ਸਿੰਘ ਦੀ ਕਹਾਣੀ **"ਸਿਹ ਦਾ ਤੱਕਲਾ"** ਵਿਚ ਕਹਾਣੀਕਾਰ ਭਾਵੇਂ ਦਿਵਿਆਂਗ ਵਿਅਕਤੀ ਦੇ ਮੁੱਦੇ ਦੀ ਗੱਲ ਕਰਦਾ ਹੈ ਪਰ ਉਹ ਖ਼ੁੱਦ ਕਹਾਣੀ ਵਿਚ ਪਾਤਰ ਨੂੰ ਗੂੰਗਾ ਹੀ ਕਹਿ ਕੇ ਸੰਬੋਧਨ ਕਰਦਾ ਹੈ ਉਦਾਹਰਣ "ਗੂੰਗਾ ਤਾੜ ਗਿਆ", "ਗੂੰਗੇ ਨੇ ਉ ਬਾ ਕਰ ਕੇ ਕੂਕ ਮਾਰੀ" ਵਰਗੇ ਵਾਕ ਵਰਤੇ ਹਨ। **ਟੁੰਡਾ**- ਰਾਮ ਸਰੂਪ ਅਣਖੀ ਦੀ ਕਹਾਣੀ ਵਿਚ ਵੀ ਕਹਾਣੀਕਾਰ ਪਾਤਰ ਲਈ ਟੁੰਡਾ ਸ਼ਬਦ ਹੀ ਵਰਤਦਾ ਹੈ। ਅਜਿਹੀਆਂ ਕਈ ਕਹਾਣੀ ਹਨ, ਜਿੱਥੇ ਦਿਵਿਆਂਗ ਵਿਅਕਤੀਆਂ ਦੇ ਮੁੱਦਿਆਂ ਦੀ ਗੱਲ ਕੀਤੀ ਗਈ ਹੈ। ਸੁਖਬੀਰ ਦੀ ਕਹਾਣੀ **"ਅੰਦਰਲੀਨ ਜੋਤ"** ਰੰਜਨਾ ਜਿਸ ਦੀਆਂ ਅੱਖਾ ਇੱਕ ਹਾਦਸੇ ਕਾਰਨ ਚਲੀਆਂ ਗਈਆਂ ਸਨ। ਪਰ ਉਹ ਕਈ ਅੱਖਾਂ ਵਾਲੀਆਂ ਤੋਂ ਸੁਥਰੀ ਸੀ। ਉਸ ਨੂੰ ਘਰ ਵਿਚ ਕੰਮ ਕਰਦਿਆਂ ਦੇਖ ਕੇ ਕੋਈ ਵੀ ਅੰਦਾਜ਼ਾ ਹੀ ਨਹੀਂ ਲਗਾ ਸਕਦਾ ਸੀ, ਕਿ ਉਸ ਦੀਆਂ ਅੱਖਾਂ ਜੋਤਹੀਣ ਹਨ। ਜਿਵੇਂ ਕੁਰਸੀ ਤੇ ਬੈਠੀ ਰੰਗ-ਬਿਰੰਗੇ ਉੱਨ ਨਾਲ ਸਵੈਟਰ ਤੇ ਫੁੱਲ ਉਣ ਰਹੀ ਹੈ। ਹੋਰ ਉਹ ਸੂਈ ਵਿਚ ਧਾਗਾ ਵੀ ਪੈ ਲੈਂਦੀ ਸੀ। ਜਸਵੰਤ ਸਿੰਘ ਵਿਰਦੀ **"ਜਲਦੀ ਹੋਈ ਲਾਲਟੈਣ"** ਇੱਕ ਸੱਤਰ ਸਾਲ ਦਾ ਬੁੱਢਾ ਨੇਤਰਹੀਣ ਸੜਕ ਵੱਲ ਲਾਲਟੈਣ ਲੈ ਕੇ ਚੱਲ ਰਿਹਾ ਸੀ। ਸ਼ੈਦਾਈ ਦੇ ਕਹਿਣ ਤੇ ਬੁਢੇ ਨੂੰ ਪੁਛਦਾ ਹੈ, ਕਿ ਤੁਹਾਨੂੰ ਤੇ ਨਜ਼ਰ ਨਹੀਂ ਆਉਂਦਾ ਫਿਰ ਤੁਸੀਂ ਕਿਓ ਲਾਲਟੈਨ ਕਿਉਂ ਚੱਲ ਰਹੇ ਹੋ ਫਿਰ ਬੁਢਾ ਕਹਿੰਦਾ ਹੈ ਕਿ ਇਹ ਲਾਲਟੈਨ ਮੇਰੇ ਲਈ ਨਹੀਂ ਉਹਨਾਂ ਲਈ ਹੈ ਜੋ ਸੁਜਾਖੇ ਹੁੰਦੇ ਹੋਏ ਵੀ ਨੇਤਰਹੀਣ ਹੁੰਦੇ ਹਨ ਜਿੰਨਾ ਨੂੰ ਅੱਖਾ ਹੋਣ ਦੇ ਬਾਵਜੂਦ ਵੀ ਸਮਾਜ ਵਿਚ ਦਿਖਾਈ ਨਹੀਂ ਦਿੰਦਾ। ਉਹਨਾ ਨੂੰ ਰਾਹ ਦਿਖਾਉਣ ਲਈ ਲਾਲਟੈਨ ਇੱਕ ਪ੍ਰੱਤੀਕ ਵਜੋਂ ਕੰਮ ਕਰਦੀ ਹੈ। ਕਿਰਪਾਲ ਸਿੰਘ ਕਸੇਲ **"ਨੈਣਾਂ ਦਾ ਜਲਧਾਰਾ"** ਪ੍ਰੋਫੈਸਰ ਪਾਲ ਦਾ ਮੁੰਡਾ ਅਤੇ ਕੁੜੀ ਦੋਵੇਂ ਨੇਤਰਹੀਣ ਹਨ ਪਰ ਉਹ ਦੋਵੇਂ ਪੜਨ ਵਿਚ ਬਹੁਤ ਚੰਗੇ ਸਨ। ਮਾਨਸਿਕ ਤੌਰ ਤੇ ਬੜੇ ਸੰਵੇਦਨਸ਼ੀਲ ਤੇ ਹੋਣਹਾਰ ਸਨ। ਉਹਨਾ ਨੇ ਬਰੇਲ ਲਿਪੀ ਦੀ ਸਹਾਇਤਾ ਨਾਲ ਪੜਾਈ ਕੀਤੀ ਉਹ ਦੋਵੇਂ ਪੜ-ਲਿਖ ਕੇ ਸੰਗੀਤ ਵਿਚ ਸਰਕਾਰੀ ਅਧਿਆਪਕ ਲੱਗ ਗਏ। ਪ੍ਰੋ. ਪਾਲ ਨੇ ਦੋਵਾਂ ਬੱਚਿਆਂ ਦੇ ਵਿਆਹ ਅਖ਼ਬਾਰ ਵਿਚ ਇਸ਼ਤਿਹਾਰ ਦਿੱਤਾ ਪਰ ਉਹਨਾ ਲਈ ਕੋਈ ਵੀ ਰਿਸ਼ਤਾ ਨਹੀਂ ਆਇਆ। ਐੱਸ ਤਰਸੇਸ ਦੀ ਕਹਾਣੀ **"ਨਹੁੰਆਂ ਨਾਲੋਂ ਟੁੱਟਿਆ ਮਾਸ"** ਕਹਾਣੀ ਵਿਚ ਸੁਰਜਨ ਜਿਸ ਦੀ ਅੱਖਾਂ ਦੀ ਰੋਸ਼ਨੀ ਨਹੀਂ ਹੁੰਦੀ, ਰਿਸ਼ਤੇਦਾਰ ਸੁਰਜਨ ਤੋਂ ਧੋਖੇ ਨਾਲ ਦਸਤਖ਼ਤ ਕਰਵਾ ਕੇ ਉਸ ਦੇ ਨਾਮ ਤੇ ਕਰਜ਼ਾ ਲੈਣਾ ਚਾਹੁੰਦੇ ਹਨ ਜੋ ਸਰਕਾਰ ਵਲੋਂ ਦਿਵਿਆਂਗ ਦੇ ਅਧਿਕਾਰ ਲਈ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿਚ ਆਉਂਦਾ ਹੈ। ਫੂਕੋ Power/Knowledge & Medicalization ਦੇ ਹਵਾਲੇ ਨਾਲ ਕਿ ਕਿਵੇਂ ਸਮਾਜਿਕ ਸੰਸਥਾਵਾਂ ਜਿਵੇਂ ਦਵਾਈ, ਮਨੋਵਿਗਿਆਨ, ਸਿੱਖਿਆ ਪ੍ਰਣਾਲੀ ਪ੍ਰਵਚਨ ਘੜਦੇ ਹਨ ਤੇ ਸਮਾਜ ਉੱਪਰ ਆਪਣਾ ਪ੍ਰਭਾਵ ਪਾਉਂਦੇ ਹਨ। ਇਸੇ ਤਰ੍ਹਾਂ ਸਮਾਜ ਦੀ ਸੱਤਾਵਾਦੀ ਧਿਰ ਪ੍ਰਵਚਨ ਰਾਹੀ ਦਿਮਾਗ ਸ਼ੋਸ਼ਣ ਹੋ ਰਹੀਆਂ ਧਿਰਾਂ ਦੇ ਦਿਮਾਗ ਉੱਪਰ ਕਬਜਾ ਕਰਦੇ ਹਨ।

ਸਾਧੂ ਸਿੰਘ **ਪੂਰਾ ਆਦਮੀ** ਕਹਾਣੀ ਵਿਚ ਸ਼ਾਮ ਜਿਸ ਦੀਆਂ ਲੱਤਾ ਨਾ ਹੋਣ ਦੇ ਬਾਵਜੂਦ ਘਰ ਦੇ ਸਾਰੇ ਕੰਮ ਕਰਦਾ ਕਈ ਲੱਤਾ ਵਾਲਿਆਂ ਨਾਲੋਂ ਕੰਮ ਕਰਨ ਵਿਚ ਚੁਸਤ ਜਿਸ ਕਾਰਨ ਕਹਾਣੀਕਾਰ ਨੇ ਕਹਾਣੀ ਦਾ ਸਿਰਲੇਖ ਪੂਰਾ ਆਦਮੀ ਰੱਖਿਆ ਹੈ। ਦਿਵਿਆਂਗ ਵਿਅਕਤੀਆਂ ਦੇ ਜੀਵਨ ਵਿਚ ਆਉਣ ਵਾਲੀਆਂ ਮੁਸ਼ਕਲਾਂ ਕੁਦਰਤੀ, ਜਾਂ ਕਿਸੇ ਹਾਦਸੇ ਕਾਰਨ ਹਨ। ਸਮਾਜ ਦਾ ਦਿਵਿਆਂਗ ਵਿਅਕਤੀਆਂ ਪ੍ਰਤੀ ਸਕਾਰਾਤਮਕ ਰੱਵਈਆ ਅਪਣਾਉਣਾ ਚਾਹੀਦਾ ਹੈ। **"ਏਬਲੀਜ਼ਮ"(** Ableism) ਦੇ ਪੱਖ ਤੋਂ ਇਹ ਸਮਝਿਆ ਜਾਂਦਾ ਹੈ, ਸਮਾਜ ਦਿਵਿਆਂਗ ਵਿਅਕਤੀਆਂ ਪ੍ਰਤੀ ਕਿਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਰੱਖਿਆ ਜਾਂਦਾ ਹੈ। ਵਿਅਕਤੀ ਇਹ ਮੰਨ ਲੈਂਦਾ ਹੈ, ਕਿ ਸਿਰਫ਼ "ਸਿਹਤਮੰਦ, ਤੰਦਰੁਸਤ ਸਰੀਰ" ਵਾਲੇ ਲੋਕ ਹੀ ਸਧਾਰਨ ਜਾਂ ਵਧੀਆ ਹਨ, ਤੇ ਵੱਖਰੀ ਸਮਰਥਾ ਵਾਲੇ ਲੋਕ ਘੱਟ ਯੋਗ ਹਨ — ਇਹ ਸੋਚ **ਏਬਲੀਜ਼ਮ** ਹੁੰਦੀ ਹੈ। ਜਿਵੇਂ ਨਸਲਵਾਦ ਜਾਂ ਲਿੰਗਭੇਦ, ਹਨ ਉਸੇ ਤਰ੍ਹਾਂ ਦਿਵਿਆਂਗਤਾ ਦੇ ਅਧਾਰ ਤੇ ਹੁੰਦਾ ਹੈ ਸੱਤਾ ਧਿਰ ਵਲੋਂ ਸਮਾਜ ਵਿਚ ਪ੍ਰਵਚਨ ਸਥਾਪਿਤ ਕੀਤਾ ਜਾਂਦਾ ਹੈ। ਕਿਸੇ ਨੌਕਰੀ ਵਿਚ ਸਿਰਫ਼ ਇਸ ਲਈ ਕਿਸੇ ਨੂੰ ਨਾ ਰੱਖਣਾ ਕਿ ਉਹ ਵ੍ਹੀਲਚੇਅਰ ਵਰਤਦਾ ਹੈ, ਭਾਵੇਂ ਉਹ ਕੰਮ ਵਿਚ ਬਹੁਤ ਮਾਹਰ ਹੋਵੇ।

"ਓਲੀਵਰ ਦਿਵਿਆਂਗਤਾ ਨੂੰ ਸਮਝਣ ਲਈ ਸਮਾਜਿਕ ਮਾਡਲ ਉੱਪਰ ਜ਼ੋਰ ਦਿੰਦਾ ਹੈ। ਉਸ ਦਾ ਮੱਤ ਹੈ ਜੇਕਰ ਕੋਈ ਦਿਵਿਆਂਗ ਵਿਅਕਤੀ ਚਲੱਣ ਲਈ ਵ੍ਹੀਲਚੇਅਰ ਦੀ ਵਰਤੋਂ ਕਰਦਾ ਹੈ ਇਮਾਰਤ ਵਿਚ ਰੈਂਪ ਨਹੀਂ ਹੈ, ਤਾਂ ਸਮੱਸਿਆ ਵਿਅਕਤੀ ਦੀ ਨਹੀਂ ਹੈ, ਸਗੋਂ ਸਮਾਜਿਕ ਢਾਂਚੇ ਦੀ ਹੈ। ਕਿਉਂਕਿ ਮਨੁੱਖ ਆਪਣੀ ਸੁਵਿਧਾ ਦੇ ਅਨੁਸਾਰ ਸਮਾਜਿਕ ਢਾਂਚਾ ਤਿਆਰ ਕਰਦਾ ਹੈ, ਉਸੇ ਅਧਾਰ 'ਤੇ ਵਸਤੂਆਂ ਦਾ ਨਿਰਮਾਣ ਕਰਦਾ ਹੈ। ਸਮਾਜ ਦੁਆਰਾ ਬਣਾਏ ਗਏ ਸਮਾਜਿਕ ਢਾਂਚੇ ਨੂੰ ਦਿਵਿਆਂਗ ਵਿਅਕਤੀਆਂ ਦੇ ਅਨੁਕੂਲ ਬਣਾਉਣਾ ਚਾਹੀਦਾ ਹੈ। ਦਿਵਿਆਂਗ ਵਿਅਕਤੀਆਂ ਨੂੰ ਤਰਸ ਭਾਵ ਵਿਚ ਨਿਮਾਣੇ, ਵਿਚਾਰੇ ਸਮਝਣ ਦੀ ਬਜਾਏ ਅਜਿਹਾ ਢਾਂਚਾ ਸਥਾਪਿਤ ਕਰਨਾ ਚਾਹੀਦਾ ਹੈ, ਜਿਸ

ਨਾਲ ਉਹ ਆਪ ਚੱਲਣ-ਫਿਰਨ, ਕੰਮ ਕਰਨ ਦੇ ਸਮਰੱਥ ਹੋਣ।"

ਆਧੁਨਿਕ ਚਿੰਤਨ ਨੇ ਜਿੱਥੇ ਨਵੀਂ ਚੇਤਨਾ ਪ੍ਰਦਾਨ ਕੀਤੀ ਹੈ, ਉੱਥੇ ਨਵੇਂ ਵਿਸ਼ਿਆਂ ਤੋਂ ਸਮਝਣ ਦੀਆਂ ਵਿਧੀਆਂ ਤੋਂ ਵੀ ਜਾਣੂ ਕਰਵਾਇਆ ਹੈ। ਦਿਵਿਆਂਗਤਾ ਨੂੰ ਸਮਝਣ ਲਈ ਵੱਖ-ਵੱਖ ਮਾਡਲਾਂ ਤੋਂ ਸਮਝਣਾ ਜ਼ਰੂਰੀ ਹੈ। ਦਿਵਿਆਂਗਤਾਵਾਂ ਕਈ ਪ੍ਰਕਾਰ ਦੀਆਂ ਹੋ ਸਕਦੀਆਂ ਹਨ, ਜੋ ਕਿ ਵੱਖ-ਵੱਖ ਕਾਰਕਾਂ ਦੇ ਨਤੀਜੇ ਵਜੋਂ ਉਤਪੰਨ ਹੁੰਦੀਆਂ ਹਨ। ਇਹ ਕਾਰਨ ਆਮ ਤੌਰ 'ਤੇ ਜਨਮਜਾਤ, ਬਿਮਾਰੀ, ਆਸਪਾਸ ਦੇ ਵਾਤਾਵਰਣ, ਜਾਂ ਕਿਸੇ ਦੁਰਘਟਨਾ ਦੇ ਕਾਰਨ ਹੋ ਸਕਦੇ ਹਨ। ਪਹਿਲੇ ਸਮੇਂ ਗਰਭ ਅਵਸਥਾ ਵਿਚ ਡਾਕਟਰੀ ਸਲਾਹ ਨਹੀਂ ਲਈ ਜਾਂਦੀ ਸੀ। ਵੈਦ ਜਾਂ ਰਵਾਇਤੀ ਤਰੀਕੇ ਨਾਲ ਹੀ ਬੱਚੇ ਦੇ ਜਣੇਪੇ ਦੀ ਪ੍ਰਕਿਰਿਆ ਨੂੰ ਪੂਰਾ ਕੀਤਾ ਜਾਂਦਾ ਸੀ। ਅਗਿਆਨਤਾ ਅਤੇ ਸਰੀਰਕ ਬਿਮਾਰੀਆਂ ਵੱਲ ਧਿਆਨ ਨਾ ਦੇਣਾ ਹੀ ਦਿਵਿਆਂਗਤਾ ਦਾ ਕਾਰਨ ਬਣਦੀ ਸੀ। 'ਗਰਭ ਅਵਸਥਾ ਦੌਰਾਨ, ਭਰੂਣ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ 'ਤੇ ਔਰਤਾਂ ਨੂੰ ਲੋੜ ਅਨੁਸਾਰ ਵੱਖ-ਵੱਖ ਪੌਸ਼ਟਿਕ ਭੋਜਨ ਦੀ ਕਮੀ ਹੀ ਬਿਮਾਰੀ ਦਾ ਕਾਰਨ ਸਨ। ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਕਾਨੂੰਨ 28 ਦਸੰਬਰ 2016 ਨੂੰ ਪਾਸ ਕੀਤਾ ਗਿਆ। ਜਿਸ ਵਿਚ ਭਾਰਤ ਸਰਕਾਰ ਨੇ ਦਿਵਿਆਂਗ ਵਿਅਕਤੀਆਂ ਦੇ ਅਧਿਕਾਰ ਐਕਟ **(RPwD Act, 2016)** ਦੇ ਤਹਿਤ ਕੁੱਲ 21 ਪ੍ਰਕਾਰ ਦੇ ਦਿਵਿਆਂਗਤਾ ਦੀਆਂ ਸ਼੍ਰੇਣੀਆਂ ਨੂੰ ਅਧਿਕਾਰਿਤ ਤੌਰ ਤੇ ਮਾਨਤਾ ਦਿੱਤੀ ਹੈ। ਇਹਨਾ ਸਾਰੇ ਵਿਚਾਰਾਂ ਤੇ ਚਰਚਾ ਕਰਨ ਨਾਲ ਅਜਿਹੇ ਨੁਕਤੇ ਸਾਹਮਣੇ ਆਉਂਦੇ ਹਨ। ਦਿਵਿਆਂਗਤਾ ਮਨੁੱਖ ਦੇ ਜਨਮ ਦੇ ਨਾਲ ਹੋਂਦ ਵਿਚ ਆਈ। ਇਹ ਮੱਨੁਖੀ ਵਿਕਾਸ ਦੀ ਲੰਬੀ ਯਾਤਰਾ ਤੋਂ ਬਾਅਦ ਹੁਣ ਜਿਸ ਸਰੂਪ ਵਿਚ ਮਨੁਖ ਹੈ, ਉਸ ਲਈ ਲੱਖਾਂ- ਕਰੋੜਾਂ ਸਾਲ ਲੱਗ ਗਏ। ਮਨੁੱਖ ਦੇ ਮਾਨਸਿਕ ਵਿਕਾਸ ਦੇ ਨਾਲ ਨਵੀਆਂ ਧਾਰਨਾਵਾਂ ਬਣੀਆ ਤੇ ਪੁਰਾਣੀਆਂ ਨੂੰ ਰੱਦ ਕੀਤਾ ਗਿਆ। ਦਿਵਿਆਂਗਤਾ ਦੇ ਕਾਰਣ ਵੱਖ-ਵੱਖ ਦੱਸੇ ਗਏ ਹਨ। ਜਦੋਂ ਤੱਕ ਮੈਡੀਕਲ ਮਾਡਲ ਸਥਾਪਿਤ ਨਹੀਂ ਹੋਏ ਸਨ ਤਾਂ ਭਾਰਤੀ ਮਿਥਿਹਾਸਕ ਕਥਾਵਾਂ ਦੁਆਰਾ ਦਿਵਿਆਂਗਤਾ ਨੂੰ ਪੁਰਾਣੇ ਕਰਮਾ ਜਾਂ ਹੋਰ ਕਈ ਕੁਰੀਤੀਆਂ ਦਾ ਕਾਰਨ ਮੰਨਿਆ ਜਾਂਦਾ ਸੀ।

ਬੱਚੇ ਨੂੰ ਕਈ ਤਰ੍ਹਾਂ ਦੀਆਂ ਦਿਵਿਆਂਗਤਾਵਾਂ ਆਪਣੇ ਪਰਿਵਾਰ ਦੇ ਜੀਨਸ ਕਾਰਨ ਹੋ ਸਕਦੀਆਂ ਹਨ, ਜਿਵੇਂ ਕਿ ਥੈਲੇਸਮੀਆ, ਹੀਮੋਫੀਲੀਆ, ਆਦਿ। ਸੜਕ ਹਾਦਸੇ ਕਾਰਨ ਲੱਖਾ ਲੋਕ ਹਰ ਦਿਨ ਦਿਵਿਆਂਗਤਾ ਦੇ ਸ਼ਿਕਾਰ ਹੁੰਦੇ ਹਨ। ਗੱਡੀ ਚਲਾਉਂਦੇ ਸਮੇ ਕਿਸੇ ਲਾਪਰਵਾਹੀ ਕਾਰਨ ਆਪ ਵੀ ਦੁਰਘਟਨਾ ਦੇ ਸ਼ਿਕਾਰ ਹੁੰਦੇ ਹਨ ਤੇ ਦੂਸਰੇ ਵਿਅਕਤੀ ਵੀ ਮੌਤ ਦੇ ਮੂੰਹ ਵਿਚ ਧਕੇਲਦੇ ਹਨ ਕਈ ਸਥਿਤੀਆਂ ਵਿਚ ਮੌਤ ਨਹੀਂ ਹੁੰਦੀ ਗੰਭੀਰ ਸੱਟ ਜਾਂ ਦੁਰਘਟਨਾਂ ਕਾਰਨ ਵਿਅਕਤੀ ਦਿਵਿਆਂਗਤਾ ਦਾ ਸ਼ਿਕਾਰ ਹੋ ਜਾਂਦੇ ਹਨ। ਸੜਕ ਹਾਦਸੇ, ਕੰਮ 'ਤੇ ਦੁਰਘਟਨਾਵਾਂ, ਜਾਂ ਕਿਸੇ ਤਰ੍ਹਾਂ ਦੀਆਂ ਦੁਰਘਟਨਾਵਾਂ ਕਾਰਨ ਅੰਗ ਹਾਦਸਾ ਗ੍ਰਸਤ ਹੋ ਜਾਂਦਾ ਹੈ, ਜਿਨ੍ਹਾਂ ਦੇ ਕਾਰਨ ਲੋਕੋਮੋਟਰ ਦਿਵਿਆਂਗਤਾ ਜਾਂ ਹੋਰ ਕਿਸਮ ਦੀਆਂ ਦਿਵਿਆਂਗਤਾਵਾਂ ਹੋ ਸਕਦੀਆਂ ਹਨ। ਵਾਤਾਵਰਣ ਵਿਚ ਕੁਝ ਕੁਦਰਤੀ ਕਾਰਨਾਂ ਕਰਕੇ ਦੁਰਘਟਨਾਵਾਂ ਹੁੰਦੀਆਂ ਹਨ ਜਿਵੇਂ ਭੁਚਾਲ, ਬਿਜਲੀ ਡਿੱਗਣ, ਹੜ, ਧਰਤੀ ਖਿਸਕਣ ਕਾਰਨ ਪੈਣ ਵਾਲੇ ਪ੍ਰਭਾਵ ਨਾਲ ਵੀ ਵਿਅਕਤੀ ਦਿਵਿਆਂਗ ਹੋ ਸਕਦੇ ਹਨ, ਜਿਵੇਂ ਕਿ, ਜ਼ਹਿਰਲੇ ਪਦਾਰਥਾਂ ਨਾਲ ਸੰਪਰਕ ਵਿਚ ਆਉਣ ਕਾਰਨ, ਜੋ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੇ ਹਨ। ਵਾਤਾਵਰਣ ਵਿਚ ਕਈ ਤਰ੍ਹਾਂ ਦੇ ਪਰਮਾਣੂ ਕਿਰਨਾਂ ਕਾਰਨ ਨਵੇਂ ਪੈਦਾ ਹੋਣ ਵਾਲੇ ਬੱਚੇ ਦਿਵਿਆਂਗ ਪੈਦਾ ਹੋ ਰਹੇ ਹਨ ਉਦਾਹਰਨ- ਝਾਰਖੰਡ ਦਾ ਜਾਦੂਗੋੜਾ ਵਿਚ ਪਰਮਾਣੂ ਕਿਰਨਾਂ ਨਾਲ ਬਹੁਤ ਬੱਚੇ ਦਿਵਿਆਂਗ ਪੈਦਾ ਹੋ ਰਹੇ ਹਨ। ਵਿਸ਼ਵ ਯੁੱਧ ਦੌਰਾਨ ਹੋਣ ਵਾਲੇ ਹਮਲਿਆਂ ਨੇ ਬਹੁਤ ਵੱਡੀ ਗਿਣਤੀ ਵਿਚ ਵਿਅਕਤੀ ਦਿਵਿਆਂਗ ਹੋਏ ਜਿਵੇਂ- ਬੰਬ ਧਮਾਕੇ, ਗੋਲੀ ਜਾਂ ਪਰਮਾਣੂ ਹਮਲਿਆਂ ਕਾਰਨ ਹੋਏ, ਬਹੁਤ ਸਾਰੇ ਐਸਿਡ ਹਮਲਿਆਂ ਕਾਰਨ ਕਈ ਕੁੜੀਆਂ ਦਿਵਿਆਂਗ ਹੋਈਆ ਹਨ ਪਹਿਲਾ ਐਸਿਡ ਹਮਲੇ ਵਾਲੇ ਦਿਵਿਆਂਗ ਸ਼੍ਰੇਣੀ ਵਿਚ ਨਹੀਂ ਆਉਂਦੇ ਸਨ ਇਹਨਾਂ ਨੂੰ ਬਾਅਦ ਵਿਚ ਦਿਵਿਆਂਗ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਗਿਆ।

ਦਿਵਿਆਂਗਤਾ ਨੂੰ ਸਮਝਣ ਲਈ ਮੈਡੀਕਲ ਮਾਡਲ ਨੂੰ ਸਮਝਣਾ ਬਹੁਤ ਮਹੱਤਵਪੂਰਨ ਹੈ। ਇਸ ਵਿੱਚ, ਦਿਵਿਆਂਗਤਾ ਨੂੰ ਸਰੀਰਕ ਜਾਂ ਮਾਨਸਿਕ ਬਿਮਾਰੀ ਦੇ ਨਤੀਜੇ ਵਜੋਂ ਪਛਾਣਿਆ ਜਾਂਦਾ ਹੈ। ਜਦੋਂ ਤੋਂ ਦਿਵਿਆਂਗਤਾ ਪਿੱਛੇ ਮੈਡੀਕਲ ਕਾਰਨ ਖੋਜੇ ਗਏ ਹਨ ਤਾਂ ਸਮਾਜ ਵਿਚ ਹੋਣ ਵਾਲੀਆਂ ਕਈ ਰੂੜੀਵਾਦੀ ਧਾਰਨਾਵਾਂ ਦਾ ਖੰਡਨ ਹੋਇਆ ਹੈ। ਮੈਡੀਕਲ ਮਾਡਲ ਦਾ ਮੱਹਤਵ ਸਰੀਰ ਵਿੱਚ ਮੌਜੂਦ ਕਿਸੇ ਤਰ੍ਹਾਂ ਦੀ ਕਮੀ ਜਾਂ ਘਾਟ ਦੀ ਪਛਾਣ ਕਰਨਾ ' ਕਿਸ ਤਰ੍ਹਾਂ ਦੀ ਦਿਵਿਆਂਗਤਾ ਹੈ, ਕਿੰਨੇ ਪ੍ਰਤੀਸ਼ਤ ਹੈ ਇਹ ਮਿਆਰ ਨਿਰਧਾਰਤ ਕਰਨ ਦੀ ਯੋਗਤਾ ਮੈਡੀਕਲ ਅਫਸਰ ਕੋਲ ਹੁੰਦੀ ਹੈ। ਕੁਝ ਬਿਮਾਰੀਆਂ ਜੋ ਜੀਵਨ ਦੇ ਕਿਸੇ ਪੜਾਅ 'ਤੇ ਦਿਵਿਆਂਗਤਾ ਦਾ ਕਾਰਨ ਬਣ ਸਕਦੀਆਂ ਹਨ, ਜਿਵੇਂ ਕਿ: ਜੀਵਨ ਦੇ ਰਹਿਣ-ਸਹਿਣ ਦੇ ਅਧਾਰ ਤੇ ਸਰੀਰ ਵਿਚ ਕਿਸੇ ਤਰ੍ਹਾਂ ਦੇ ਸੰਤੁਲਤ ਵਿਗੜਨ ਕਾਰਨ ਕਿਸੇ ਰੋਗ ਦੀ ਚਪੇਟ ਵਿਚ ਆ ਜਾਂਦਾ ਹੈ, ਉਹ ਰੋਗ ਸਰੀਰ ਤੇ ਆਪਣੇ ਪ੍ਰਭਾਵੀ ਅਸਰ ਪਾਉਦਾ ਹੈ ਜਿਸ ਕਾਰਨ ਲੰਮੇ ਸਮੇਂ ਤੱਕ ਬਿਮਾਰੀਆਂ ਦੇ ਰਹਿਣ ਨਾਲ ਸਰੀਰਕ ਦਿਵਿਆਂਗਤਾ ਆ ਜਾਂਦੀ ਹੈ। ਇਹ ਕਿਸੇ ਵੀ ਉਮਰ ਵਿਚ ਆ ਸਕਦੀ ਹੈ। ਮੈਡੀਕਲ ਮਾਡਲ ਨਾਲ ਵਿਅਕਤੀ ਨੂੰ ਇੱਕ ਉਮੀਦ ਮਿਲਦੀ ਹੈ ਕਿ ਉਸ ਦੇ ਸਰੀਰ ਦੀ ਕਿਸੇ ਤਰ੍ਹਾਂ ਦੀ ਕਮੀ ਲਈ

ਮੈਡੀਕਲ ਉਪਕਰਣ ਹਨ ਜੋ ਉਹਨਾਂ ਨੂੰ ਆਤਮ-ਨਿਰਭਰ ਹੋਣ ਵਿਚ ਸਹਾਇਤਾ ਕਰਦੇ ਹਨ। ਵਿਅਕਤੀ ਦੇ ਜੀਵਨ ਵਿਚ ਆਉਣ ਵਾਲੀਆਂ ਚਣੋਤੀਆਂ ਨਾਲ ਨ੍ਜਿੱਠਣ ਵਿਚ ਸਹਾਇਤਾ ਪ੍ਰਦਾਨ ਕਰਦਾ ਹੈ। ਜਿਵੇਂ ਸੁਣਨ ਵਾਲੀ ਮਸ਼ੀਨ, ਪੈਰਾ ਲਈ ਬੂਟ, ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਵ੍ਹੀਲਚੇਅਰ ਆਦਿ।

ਪੰਜਾਬੀ ਕਹਾਣੀ ਵਿਚ ਜਿਨ੍ਹਾਂ ਦਿਵਿਆਂਗ ਵਿਅਕਤੀ ਦੀ ਸਮੱਸਿਆਵਾਂ ਬਾਰੇ ਗੱਲ ਕੀਤੀ ਗਈ ਹੈ ਇਹ ਸਮਾਜ ਦੇ ਹਰ ਹਿੱਸੇ ਵਿਚ ਅਜਿਹੀਆਂ ਕਈ ਉਦਾਰਹਨਾਂ ਮਿਲਦੀਆਂ ਹਨ। ਦਿਵਿਆਂਗ ਅਧਿਐਨ ਨੂੰ ਸਮਝਣ ਲਈ ਨਵੇਂ ਸਿਧਾਂਤਕ ਮਾਡਲਾਂ ਦੀ ਜ਼ਰੂਰਤ ਹੈ। ਦਿਵਿਆਂਗ ਵਿਅਕਤੀਆਂ ਲਈ ਅਜਿਹਾ ਸਮਾਜਿਕ ਢਾਂਚੇ ਦਾ ਨਿਰਮਾਣ ਕਰਨਾ ਚਾਹੀਦਾ ਹੈ, ਜਿਸ ਨਾਲ ਉਹਨਾਂ ਨੂੰ ਸਮਾਜ ਵਿਚ ਬਰਾਬਰ ਦੇ ਮੌਕੇ ਮਿਲ ਸਕਣ ਅਤੇ ਸਮਾਜ ਦੇ ਵਿਕਾਸ ਲਈ ਬਰਾਬਰ ਦਾ ਸਹਿਯੋਗ ਕਰਨ ਵਿਚ ਸਹਾਈ ਹੋਣ।

## ***ਹਵਾਲੇ ਅਤੇ ਟਿੱਪਣੀਆਂ***


1. *ਐਸ. ਤਰਸੇਮ – ਸੂਰਮੇ , ਪ੍ਰਕਾਸ਼ਕ ਕੇਂਦਰੀ ਪੰਜਾਬੀ ਲੇਖਕ ਸਭਾ, ਇੰਟਲੈਕਚੁਅਲ ਪ੍ਰੈਸ, ਜਲੰਧਰ।*
2. *डा. ओझा. उतम, दिव्यांग विभूतियां, पिलग्रिम्स पब्लिशिंग वाराणसी।*
3. *डॉ. पाठक विनय कुमार- 'विकलांग विमर्श: दशा और दिशा, भावना प्रकाशन, दिल्ली।*
4. *RPWD Act 2016 Department of Empowerment of Persons with Disabilities*
5. *Oliver, M. (1996). Understanding Disability: From Theory to Practice. Palgrave / Red Globe Press.*
6. *www.amssa.org*
7. *www.selfdirection.org*
8. *Campbell, Fiona Kumari- Indian Contributions to Thinking about Studies in Ableism*
9. *www.rdmodernresearch.org*
10. *www.zenodo.org*


***Cite this Article-***


ਅਰੁਣ (Arun), ਪੰਜਾਬੀ ਬਿਰਤਾਂਤ ਵਿਚ ਦਿਵਿਆਂਗ ਪਾਤਰਾਂ ਦਾ ਸਮਾਜਿਕ ਦ੍ਰਿਸ਼ਟੀਕੋਣ (PUNJABI BIRTANT VICH DIVIAANG PATRAAN DA SAMAJIK DRISHTIKAUN), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 79-83.*

***Journal URL:*** www.armaan.org.in

**DOI:** https://doi.org/10.64119/armaan.vol.3.issue3.12



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*